# ਯੂਕੇ ਵਿਚ ਲੁਕਵੀਂ ਟੀਬੀਦੀ ਟੈਸਟਿੰਗ

ਤੁਹਾਡੀ ਛਾਤੀ ਦੇ ਐਕਸਰੇ ਤੋਂ ਪਤਾ ਚੱਲਿਆ ਹੈ ਕਿ ਤੁਹਾਨੂੰ, ਤੁਹਾਡੇ ਫੇਫੜਿਆਂ ਵਿਚਲੀ ਟੀਬੀ ਨਹੀਂ ਹੈ। ਇਹ ਚੰਗੀ ਖ਼ਬਰ ਹੈ। ਹੁਣ ਤੁਸੀਂ ਆਪਣੇ ਯੂਕੇ ਦੇ ਵੀਜ਼ੇ ਲਈ ਅਪਲਾਈ ਕਰ ਸਕਦੇ ਹੋ, ਟੀਬੀ ਦਾ ਆਪਣਾ ਮੰਜ਼ੂਰੀ ਸਰਟੀਫ਼ਿਕੇਟ ਸ਼ਾਮਿਲ ਕਰਨਾ ਯਾਦ ਰੱਖੋ।

**ਹਾਲਾਂਕਿ, ਇਹ ਜਾਣਨਾ ਜ਼ਰੂਰੀ ਹੈ ਕਿ ਯੂਕੇ ਵਿਚ ਪਹੁੰਚਣ ਤੋਂ ਬਾਅਦ ਵੀ ਤੁਹਾਨੂੰ ਟੀਬੀ ਹੋ ਸਕਦੀ ਹੈ।**

ਇੰਜ ਇਸ ਕਰਕੇ ਹੁੰਦਾ ਹੈ, ਕਿਉਂਕਿ 4 ਵਿਚੋਂ 1 ਲੋਕਾਂ ਦੇ ਟੀਬੀ ਦਾ ਬੈਕਟੀਰੀਆ ਉਹਨਾਂ ਦੇ ਸਰੀਰ ਵਿਚ ਸਿਥਲ ਪਿਆ ਰਹਿੰਦਾ ਹੈ – ਇਸ ਨੂੰ 'ਲੁਕਵੀਂ ਟੀਬੀ' ਵਜੋਂ ਜਾਣਿਆ ਜਾਂਦਾ ਹੈ। ਲੁਕਵੀਂ ਟੀਬੀ ਨੂੰ ਛਾਤੀ ਦੇ ਐਕਸਰੇ ਵਿਚ ਨਹੀਂ ਵੇਖਿਆ ਜਾ ਸਕਦਾ, ਇਸ ਤਰ੍ਹਾਂ ਤੁਹਾਨੂੰ ਬਿਨਾ ਪਤਾ ਲੱਗਿਆਂ, ਤੁਹਾਡੇ ਸਰੀਰ ਵਿਚ ਲੁਕਵੀਂ ਟੀਬੀ ਹੋ ਸਕਦੀ ਹੈ। ਭਵਿੱਖ ਵਿਚ ਲੁਕਵੀਂ ਟੀਬੀ ਕਿਸੇ ਵੀ ਸਮੇਂ ਸਰਗਰਮ ਹੋ ਸਕਦੀ ਹੈ ਅਤੇ ਤੁਹਾਨੂੰ ਬਿਮਾਰ ਕਰ ਸਕਦੀ ਹੈ। ਹਾਲਾਂਕਿ, ਯੂਕੇ ਵਿਚ ਰਹਿਣ ਦੇ ਪਹਿਲੇ ਕੁਝ ਸਾਲਾਂ ਦੌਰਾਨ ਇਸਦੇ ਸਰਗਰਮ ਹੋਣ ਦੀ ਵੱਧ ਸੰਭਾਵਨਾ ਹੁੰਦੀ ਹੈਅਤੇ ਤੁਹਾਨੂੰ ਬਿਮਾਰ ਕਰ ਦਿੰਦੀ ਹੈ।

## ਸਰਗਰਮ TB

ਲੱਛਣ:
**ਖੰਘ, ਬੁਖ਼ਾਰ, ਵਜ਼ਨ ਘਟਣਾ, ਭੁੱਖ ਨਾ ਲੱਗਣਾ, ਰਾਤ ਨੂੰ ਪਸੀਨਾ ਆਉਣਾ, ਥਕੇਵਾਂ**



- TB ਦਾ ਬੈਕਟੀਰੀਆ 'ਸਰਗਰਮ' ਹੁੰਦਾ ਹੈ
- ਤੁਹਾਨੂੰ ਤਬੀਅਤ ਖ਼ਰਾਬ ਲੱਗੇਗੀ
- ਤੁਹਾਡੇ ਤੋਂ ਹੋਰਨਾਂ ਨੂੰ TB ਹੋ ਸਕਦੀ ਹੈ

## ਲੁਕਵੀਂ TB

ਤੁਹਾਨੂੰ ਸਰਗਰਮ TB ਹੋਣ ਦਾ 10 ਵਿਚੋਂ 1 ਦਾ ਮੌਕਾ ਹੁੰਦਾ ਹੈ



- TB ਦਾ ਬੈਕਟੀਰੀਆ 'ਸਿਥਲ' ਹੁੰਦਾ ਹੈ
- ਤੁਹਾਨੂੰ ਤਬੀਅਤ ਖ਼ਰਾਬ ਨਹੀਂ ਲੱਗੇਗੀ
- ਤੁਹਾਡੇ ਤੋਂ ਹੋਰਨਾਂ ਨੂੰ TB ਨਹੀਂ ਹੋ ਸਕਦੀ

TB alert

TB ਅਲਰਟ, ਯੂਕੇ ਦੀ ਰਾਸ਼ਟਰੀ ਟੀਬੀ ਚੈਰਿਟੀ ਹੈ, ਜੋ ਟੀਬੀ ਦੇ ਅਸਰ ਹੇਠਲੇ ਭਾਈਚਾਰਿਆਂ ਦੀ ਦੇਖਭਾਲ ਕਰਨ ਲਈ ਪਬਲਿਕ ਹੈਲਥ ਇੰਗਲੈਂਡ ਅਤੇ ਨੈਸ਼ਨਲ ਹੈਲਥ ਸਰਵਿਸ ਨਾਲ ਕੰਮ ਕਰ ਰਹੀ ਹੈ। www.thetruthabouttb.org/latent-tb'ਤੇ ਲੁਕਵੀਂ ਟੀਬੀ ਬਾਰੇ ਹੋਰ ਪਤਾ ਲਾਓ।

**ਚੰਗੀ ਗੱਲ ਇਹ ਹੈ ਕਿ ਇਸ ਤੋਂ ਪਹਿਲਾਂ ਕਿ ਲੁਕਵੀਂ ਟੀਬੀ ਤੁਹਾਨੂੰ ਬਿਮਾਰ ਕਰੇ, ਐਂਟੀਬਾਇਓਟਿਕ ਨਾਲ ਇਸਦਾ ਇਲਾਜ ਕੀਤਾ ਜਾ ਸਕਦਾ ਹੈ।**

ਤੁਹਾਡੇ ਯੂਕੇ ਵਿਚ ਪਹੁੰਚਣ ਤੋਂ ਬਾਅਦ, ਤੁਸੀਂ ਨੈਸ਼ਨਲ ਹੈਲਥ ਸਰਵਿਸ (NHS) ਦੇ ਪਰਿਵਾਰਕ ਡਾੱਕਟਰ, ਜਿਸ ਨੂੰ ਜਨਰਲ ਪ੍ਰੈਕਟਿਸ਼ਨਰ ਜਾਂ 'ਜੀਪੀ' ਕਿਹਾ ਜਾਂਦਾ ਹੈ, ਕੋਲ ਰਜਿਸਟਰ ਕਰ ਸਕਦੇ ਹੋ। ਤੁਹਾਨੂੰ ਲੁਕਵੀਂ ਟੀਬੀ ਹੈ, ਦੀ ਜਾਂਚ ਕਰਨ ਲਈ ਤੁਹਾਡਾ ਜੀਪੀ, ਤੁਹਾਨੂੰ ਖ਼ੂਨ-ਟੈਸਟ ਕਰਾਉਣ ਦੀ ਪੇਸ਼ਕਸ਼ ਕਰ ਸਕਦਾ ਹੈ। ਜੇ ਤੁਹਾਨੂੰ ਲੁਕਵੀਂ ਟੀਬੀ ਹੈ, ਤਾਂ ਬੈਕਟੀਰੀਆ ਮਾਰਣ ਅਤੇ ਭਵਿੱਖ ਵਿਚ ਤੁਹਾਡੀ ਸਿਹਤ ਦੀ ਰਾਖੀ ਕਰਨ ਵਿਚ ਮਦਦ ਲਈ ਤੁਹਾਨੂੰ ਇਲਾਜ ਦੀ ਪੇਸ਼ਕਸ਼ ਕੀਤੀ ਜਾਏਗੀ।

ਟੈਸਟ ਅਤੇ ਇਲਾਜ ਗੁਪਤ ਅਤੇ ਬਿਲਕੁਲ ਮੁਫ਼ਤ ਹਨ ਅਤੇ ਇਸ ਨਾਲ ਤੁਹਾਡੇ ਵੀਜ਼ੇ ਦੀ ਸਥਿਤੀ ਜਾਂ ਯੂਕੇ ਵਿਚ ਠਹਿਰਣ ਦੇ ਤੁਹਾਡੇ ਹੱਕ 'ਤੇ ਅਸਰ ਨਹੀਂ ਪਏਗਾ।

**ਜੀਪੀ ਨਾਲ ਰਜਿਸਟਰ ਕਰਾਉਣ ਲਈ ਤੁਹਾਨੂੰ ਚੇਤਾ ਕਰਾਉਣ ਵਾਸਤੇ ਇਸ ਲੀਫ਼ਲੈਟ ਨੂੰ ਸੁਰੱਖਿਅਤ ਰੱਖੋ ਜਾਂ ਜੇ ਤੁਹਾਡੇ ਟੀਬੀ ਦੇ ਲੱਛਣ ਉੱਭਰਦੇ ਹਨ, ਤਾਂ ਫ਼ੌਰਨ ਡਾੱਕਟਰ ਨੂੰ ਮਿਲੋ।**




**ਤੁਸੀਂ www.thetruthabouttb.org/FindaGP 'ਤੇ ਆਪਣੇ ਸਭ ਤੋਂ ਨਜ਼ਦੀਕੀ ਜੀਪੀ ਦਾ ਪਤਾ ਲਾ ਸਕਦੇ ਹੋ।**